## ਪਾਠ-20

## ਛੱਲੀਆਂ ਦੇ ਰਾਖੇ (ਲੇਖਕ-ਡਾ. ਗੁਰਮੀਤ ਸਿੰਘ ਬੈਦਵਾਣ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਝੜੀ ਕਿਹੜੇ ਮਹੀਨੇ ਲੱਗੀ ਸੀ ਅਤੇ ਉਸ ਦਾ ਆਮ ਜਨ-ਜੀਵਨ ਉੱਤੇ ਕੀ ਪ੍ਰਭਾਵ ਪਿਆ?**
ਉੱਤਰ : ਝੜੀ ਭਾਦੋਂ ਮਹੀਨੇ ਦੇ ਪਹਿਲੇ ਪੱਖ ਵਿਚ ਲੱਗੀ ਸੀ, ਜਿਸ ਨਾਲ਼ ਚਾਰੇ ਪਾਸੇ ਜਲ-ਥਲ ਹੋ ਗਿਆ ਸੀ।

**ਪ੍ਰਸ਼ਨ ਅ. ਮਣਾ ਕਿਸ ਨੂੰ ਕਹਿੰਦੇ ਹਨ?**
ਉੱਤਰ : ਮਣਾ ਖੇਤਾਂ ਵਿਚ ਫ਼ਸਲ ਦੀ ਰਾਖੀ ਲਈ ਬਣਾਇਆ ਜਾਂਦਾ ਹੈ। ਖੇਤ ਵਿਚ ਚਾਰ ਬੱਲੀਆਂ ਗੱਡ ਕੇ ਉਨ੍ਹਾਂ ਉੱਤੇ ਦੋ ਬਾਹੀਆਂ ਰੱਸਿਆਂ ਨਾਲ ਬੰਨ੍ਹ ਕੇ ਉੱਪਰ ਛੋਟਾ ਜਿਹਾ ਮੰਜਾ ਟਿਕਾ ਦਿੱਤਾ ਜਾਂਦਾ ਹੈ।

**ਪ੍ਰਸ਼ਨ ੲ. ਪੰਛੀਆਂ ਨੂੰ ਚੋਗਾ ਕਿਉਂ ਨਹੀਂ ਸੀ ਮਿਲ ਰਿਹਾ?**
ਉੱਤਰ : ਲਗਾਤਾਰ ਬਰਸਾਤ ਹੋਣ ਕਰਕੇ ਚਾਰੇ ਪਾਸੇ ਜਲ-ਥਲ ਹੋ ਗਿਆ ਸੀ। ਪੰਛੀ ਵਰਦੇ ਮੀਂਹ ਵਿਚ ਖਾਣੇ ਲਈ ਉੱਡ ਨਹੀਂ ਸਕਦੇ ਸਨ ਅਤੇ ਨਾ ਹੀ ਰਾਖੇ ਪੰਛੀਆਂ ਨੂੰ ਛੱਲੀਆਂ ਕੋਲ ਆਉਣ ਦਿੰਦੇ ਸਨ।



**ਪ੍ਰਸ਼ਨ ਸ. ਕਾਂ ਛੱਲੀ ਨੂੰ ਕਿਉਂ ਨਹੀਂ ਠੂੰਗ ਸਕਿਆ?**
ਉੱਤਰ : ਕਾਂ ਕਈ ਦਿਨਾਂ ਤੋਂ ਚੋਗਾ ਨਾ ਮਿਲਣ ਕਰਕੇ ਭੁੱਖ ਦੀ ਕਮਜ਼ੋਰੀ ਕਾਰਨ ਛੱਲੀ ਨੂੰ ਠੂੰਗ ਨਾ ਸਕਿਆ।

**ਪ੍ਰਸ਼ਨ ਹ. ਰਾਖੇ ਨੇ ਕਾਂ ਨਾਲ ਕੀ ਵਿਹਾਰ ਕੀਤਾ?**
ਉੱਤਰ : ਰਾਖੇ ਨੂੰ ਭੁੱਖੇ ਕਾਂ ਦੀ ਹਾਲਤ ਦੇਖ ਕੇ ਤਰਸ ਆ ਗਿਆ। ਉਸ ਨੇ ਛੱਲੀ ਦੇ ਦਾਣੇ ਭੋਰ ਕੇ ਆਪਣੀ ਤਲੀ ਉੱਤੇ ਰੱਖ ਕੇ ਕਾਂ ਨੂੰ ਖੁਆਏ ਤੇ ਫਿਰ ਉਸ ਨੂੰ ਛੱਡ ਦਿੱਤਾ।

**ਪ੍ਰਸ਼ਨ ਕ. ਛੱਲੀਆਂ ਦੇ ਰਾਖੇ ਕੌਣ ਸਨ? ਉਹ ਫ਼ਸਲਾਂ ਦੀ ਰਾਖੀ ਕਿਵੇਂ ਕਰਦੇ ਸਨ?**
ਉੱਤਰ : ਕਹਾਣੀਕਾਰ ਅਤੇ ਉਸ ਦਾ ਤਾਇਆ ਦੋਵੇਂ ਛੱਲੀਆਂ ਦੇ ਰਾਖੇ ਸਨ। ਤਾਇਆ ਮਣੇ ਉੱਪਰ ਬੈਠ ਕੇ ਪੀਪਾ ਖੜਕਾਉਂਦਾ ਤੇ ਕਹਾਣੀਕਾਰ ਉਸ ਦੇ ਦੱਸੇ ਅਨੁਸਾਰ ਪੰਛੀਆਂ ਨੂੰ ਉਡਾਉਣ ਲਈ ਭੱਜਦਾ। ਤਾਇਆ ਪੰਛੀਆਂ ਨੂੰ ਉਡਾਉਣ ਲਈ ਗੋਪੀਏ ਦੀ ਵਰਤੋਂ ਵੀ ਕਰਦਾ ਸੀ।

### 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸਿਲਸਲਾ | : | ਲੜੀ, ਰੁਝਾਨ |
| ਮਣਾ | : | ਖੇਤ ਵਿਚ ਰਾਖੀ ਲਈ ਬਣਾਈ ਉੱਚੀ ਥਾਂ |
| ਲਾਚਾਰ | : | ਬੇਵੱਸ |
| ਟਿਕ-ਟਿਕੀ | : | ਗਹੁ ਨਾਲ਼ ਦੇਖਣਾ, ਲਗਾਤਾਰ ਦੇਖਣਾ |
| ਸਮਰੱਥ | : | ਯੋਗ |
| ਗੋਪੀਆ | : | ਪੰਛੀ ਉਡਾਉਣ ਲਈ ਬਣੀ ਹੋਈ ਜਾਲ਼ੀਦਾਰ ਰੱਸੀ |
| ਝੜੀ ਲੱਗਣਾ | : | ਲਗਾਤਾਰ ਮੀਂਹ ਪੈਣਾ |
| ਗੁਰੇਜ਼ ਕਰਨਾ | : | ਰੁਕਣਾ, ਪਰਹੇਜ਼ ਕਰਨਾ |
| ਨਿਗਰਾਨੀ | : | ਰਾਖੀ ਜਾਂ ਚੌਕਸੀ |
| ਪੌਂਚੇ | : | ਪੰਛੀਆਂ ਦੇ ਪੈਰ |
| ਅਹਿਸਾਸ ਹੋਣਾ | : | ਮਹਿਸੂਸ ਹੋਣਾ |
| ਸਾਹ-ਸਤ ਨਾ ਹੋਣਾ | : | ਸਰੀਰ ਵਿੱਚ ਜਾਨ ਨਾ ਹੋਣਾ |

### 3. ਵਾਕਾਂ ਵਿਚ ਵਰਤੋਂ :

1. **ਜਲ-ਥਲ (ਚਾਰੇ ਪਾਸੇ ਪਾਣੀ ਹੀ ਪਾਣੀ ਹੋਣਾ)-** ਝੜੀ ਲੱਗਣ ਨਾਲ਼ ਚਾਰੇ ਪਾਸੇ ਜਲ-ਥਲ ਹੋ ਗਿਆ।
2. **ਰੌਲ਼ਾ-ਗੌਲ਼ਾ (ਰੌਲ਼ਾ, ਅਵਾਜ਼ਾਂ)-** ਪੀਪੇ ਦੇ ਰੌਲ਼ੇ-ਗੌਲ਼ੇ ਨਾਲ਼ ਪੰਛੀ ਉੱਡ ਜਾਂਦੇ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

3. **ਹੋ-ਹੱਲਾ (ਰੌਲਾ)-** ਮੇਲੇ ਵਿਚ ਹੋ-ਹੱਲਾ ਸੁਣ ਕੇ ਅਸੀਂ ਘਰ ਨੂੰ ਚੱਲ ਪਏ।
4. **ਗੁਲਗੁਲੇ (ਕਣਕ ਦਾ ਆਟਾ ਤੇ ਗੁੜ ਮਿਲਾ ਕੇ ਤਲੇ ਹੋਏ ਗੋਲ-ਗੋਲ ਪਕਵਾਨ)-** ਸਾਉਣ ਵਿਚ ਘਰਾਂ ਵਿਚ ਗੁਲਗੁਲੇ ਬਣਾਏ ਜਾਂਦੇ ਹਨ।
5. **ਗੜੁੱਚ (ਕੱਪੜਿਆਂ ਤੇ ਸਰੀਰ ਦਾ ਚੰਗੀ ਤਰ੍ਹਾਂ ਪਾਣੀ ਆਦਿ ਵਿਚ ਭਿੱਜ ਜਾਣਾ)-** ਮੀਂਹ ਵਿਚ ਘਰ ਜਾਂਦਿਆਂ ਮੇਰੀ ਵਰਦੀ ਭਿੱਜ ਕੇ ਗੜੁੱਚ ਹੋ ਗਈ।
6. **ਫਿਰਨੀ (ਪਿੰਡ ਦੇ ਚਾਰੇ ਪਾਸੇ ਬਣਿਆ ਰਸਤਾ)-** ਅਸੀਂ ਪਿੰਡ ਦੀ ਫਿਰਨੀ ਦੀ ਸਫ਼ਾਈ ਕੀਤੀ।
7. **ਮਨੋ-ਮਨੀ (ਮਨ ਵਿਚ)-** ਪ੍ਰੀਖਿਆ ਵਿਚ ਚੰਗੇ ਅੰਕ ਆਉਣ ਤੇ ਮੈਂ ਮਨੋ-ਮਨੀ ਅਧਿਆਪਕਾਂ ਦਾ ਸ਼ੁਕਰਾਨਾ ਕੀਤਾ।
8. **ਸ਼ੁਕਰਾਨਾ (ਧੰਨਵਾਦ)-** ਕਿਸੇ ਤੋਂ ਮਦਦ ਲੈਣ 'ਤੇ ਉਸ ਦਾ ਸ਼ੁਕਰਾਨਾ ਜ਼ਰੂਰ ਕਰੋ।
9. **ਪ੍ਰਤੀਤ (ਮਹਿਸੂਸ)-** ਮੈਨੂੰ ਪ੍ਰਤੀਤ ਹੁੰਦਾ ਹੈ ਕਿ ਸਫਰ ਕਾਰਨ ਮੈਂ ਥੱਕ ਗਿਆ ਹਾਂ।
10. **ਡਿੰਘ ਭਰਨਾ (ਕਦਮ ਚੁੱਕਣਾ)-** ਮੀਂਹ ਕਾਰਨ ਮੈਂ ਵੱਡੇ-ਵੱਡੇ ਡਿੰਘ ਭਰਦਾ ਘਰ ਨੂੰ ਤੁਰ ਪਿਆ।
11. **ਪੇਟ ਦੀ ਭੁੱਖ ਮਿਟਾਉਣੀ (ਕੁੱਝ ਖਾ ਕੇ ਖ਼ਾਲੀ ਪੇਟ ਭਰਨਾ)-** ਪੇਟ ਦੀ ਭੁੱਖ ਮਿਟਾਉਣ ਲਈ ਪੰਛੀ ਮੀਂਹ ਵਿਚ ਵੀ ਉੱਡ ਰਹੇ ਸਨ।

## ਵਿਆਕਰਨ

**ਯੋਜਕ :** ਰੂਪ ਅਤੇ ਵਰਤੋਂ ਪੱਖੋ ਯੋਜਕ ਦੋ ਪ੍ਰਕਾਰ ਦੇ ਹਨ।

**1. ਇਕਹਿਰੇ ਯੋਜਕ :** ਜਿਹੜੇ ਯੋਜਕ ਇੱਕ ਹੀ ਸ਼ਬਦ ਦੇ ਬਣੇ ਹੁੰਦੇ ਹਨ, ਉਨ੍ਹਾਂ ਨੂੰ ਇਕਹਿਰੇ ਯੋਜਕ ਕਿਹਾ ਜਾਂਦਾ ਹੈ, ਜਿਵੇਂ :- ਤੇ, ਅਤੇ, ਪਰ, ਕਿ, ਕਿਉਂਕਿ ਆਦਿ।
**2. ਸੰਯੁਕਤ ਯੋਜਕ :** ਦੋ ਜਾਂ ਦੋ ਤੋਂ ਵੱਧ ਸ਼ਬਦਾਂ ਤੋਂ ਮਿਲ ਕੇ ਬਣੇ ਹੋਏ ਯੋਜਕਾਂ ਨੂੰ ਸੰਯੁਕਤ ਯੋਜਕ ਆਖਿਆ ਜਾਂਦਾ ਹੈ, ਜਿਵੇਂ :- ਇਸ ਲਈ, ਤਾਂ ਕਿ, ਤਦੇ ਹੀ, ਫਿਰ ਵੀ ਆਦਿ।

**ਹੇਠ ਲਿਖੇ ਵਾਕਾਂ ਵਿਚੋਂ ਰੂਪ, ਅਕਾਰ ਅਤੇ ਅਰਥਾਂ ਦੇ ਪੱਖ ਤੋਂ ਯੋਜਕ ਚੁਣੋ :**
1. **ਜੇ** ਕੋਈ ਬੁਰਾ ਵੀ ਕਰੇ **ਤਾਂ** ਵੀ ਭਲਾਈ ਵਾਲ਼ਾ ਵਿਹਾਰ ਕਰਕੇ ਉਸ ਦਾ ਦਿਲ ਜਿੱਤਣ ਦਾ ਯਤਨ ਕਰਨਾ ਨੇਕੀ ਹੈ।
2. ਮੈਂ ਸੋਚਿਆ ਭੁੱਖੇ **ਤੇ** ਬੇਵੱਸ ਹੋਏ ਕਾਂ ਨੂੰ ਮਾਰਨਾ ਨਹੀਂ ਚਾਹੀਦਾ **ਕਿਉਂਕਿ** ਉਸ ਨੇ ਛੱਲੀ ਵੀ ਨਹੀਂ ਸੀ ਠੂੰਗੀ **ਤੇ** ਉਹ ਮੇਰਾ ਚੋਰ ਵੀ ਨਹੀਂ ਸੀ।
3. ਤਾਇਆ ਚਾਹ **ਤੇ** ਗੁਲਗੁਲਿਆਂ ਦਾ ਅਨੰਦ ਲੈਣ ਲੱਗਾ।
4. ਮੈਂ ਸੱਪ ਨੂੰ ਨਾ ਮਾਰਿਆ **ਕਿਉਂਕਿ** ਉਸ ਨੇ ਮੈਨੂੰ ਕੁੱਝ ਨਹੀਂ ਸੀ ਕਿਹਾ।
5. "ਤੂੰ ਮੈਨੂੰ ਇਸ ਦੀ ਥਾਂ ਇੱਕ ਨਿੱਕੀ ਜਿਹੀ ਸੂਈ ਲਿਆ ਕੇ ਦੇ, **ਤਾਂਕਿ** ਮੈਂ ਪਾਟਿਆਂ ਨੂੰ ਜੋੜ ਸਕਾਂ।"
6. ਮੈਂ ਕਾਂ ਨੂੰ ਮਾਰ ਕੇ ਤਾਏ ਦੀਆਂ ਨਜ਼ਰਾਂ ਵਿੱਚ **ਤਾਂ** ਚੰਗਾ ਬਣ ਸਕਦਾ ਸੀ **ਪਰ** ਆਪਣੀਆਂ ਨਜ਼ਰਾਂ ਵਿੱਚ ਨਹੀਂ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਪੰਜਾਬੀ ਮਾਸਟਰ) 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**